2026 27465
10/2/2026

# ELECTION CELL

**Electoral Registration Officer,**
**AC- 093-BATHINDA RURAL(SC)**
**Gpc Btl, Civil Block, Opposite Cantonment Area Btl.**
**Email:: bathindarural093ac@gmail.com**

ਜ਼ਿੰਮੇਵਾਰ ਬਣੋ ਵੋਟਰ ਬਣੋ

**Noਚਸ/2026/ 283** **Dated: 06-02-2026**

ਵੱਲ,

ਸਮੂਹ ਸੁਪਰਵਾਈਜ਼ਰ/ਬੀ.ਐਲ.ਓ
093 ਬਠਿੰਡਾ ਦਿਹਾਤੀ।

**ਵਿਸ਼ਾ:-** **Regarding Mapping of Electors and updation of blurred/black & white/Gibberish data etc.**

ਹਵਾਲਾ:- ਜ਼ਿਲ੍ਹਾ ਚੋਣ ਅਫ਼ਸਰ ਬਠਿੰਡਾ ਜੀ ਦੇ ਦਫ਼ਤਰ ਦੇ ਪੱਤਰ ਨੰ: 257-62 ਮਿਤੀ: 05-02-2026 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀਆਂ ਦੀ ਮੈਪਿੰਗ ਦਾ ਕੰਮ ਪ੍ਰਗਤੀ ਅਧੀਨ ਹੈ। ਜਿਸ ਸਬੰਧੀ ਰੋਜ਼ਾਨਾ ਰਿਪੋਰਟ ਮਾਣਯੋਗ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ-ਚੋਣ-ਅਫ਼ਸਰ, ਬਠਿੰਡਾ ਜੀ ਵੱਲੋਂ ਮੋਨੀਟਰ ਕੀਤੀ ਜਾਂਦੀ ਹੈ। ਆਪ ਸਭ ਨੂੰ ਬੂਥ ਵਾਈਜ਼ ਮੈਪਿੰਗ ਦੀ ਲਿਸਟ (ਨਾਲ ਨੱਥੀ) ਭੇਜ਼ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਅਹਿਮ ਕੰਮ ਨੂੰ ਜਲਦ ਤੋਂ ਜਲਦ ਮੁਕੰਮਲ ਕੀਤਾ ਜਾਵੇ ਅਤੇ ਇਸਦੇ ਨਾਲ ਹੀ ਜਿੰਨ੍ਹਾਂ ਵੋਟਰਾਂ ਦੀ ਫ਼ੋਟੋ ਹਦਾਇਤਾਂ ਅਨੁਸਾਰ ਬਦਲਣ ਦੀ ਜ਼ਰੂਰਤ ਹੈ ਉਨ੍ਹਾਂ ਦੇ ਫ਼ਾਰਮ ਨੰ: 08 ਨਾਲ-ਨਾਲ ਭਰਕੇ ਕੰਮ ਮੁਕੰਮਲ ਕੀਤਾ ਜਾਵੇ। ਆਉਣ ਵਾਲੇ ਦਿਨਾਂ ਵਿੱਚ ਮਾਣਯੋਗ ਮੁੱਖ ਚੋਣ ਕਮਿਸ਼ਨ, ਪੰਜਾਬ ਜੀ ਵੱਲੋਂ ਵੀ.ਸੀ ਕੀਤੀ ਜਾਣੀ ਹੈ। ਸੋ ਇਸ ਕੰਮ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ।

ਸਮੂਹ ਸੁਪਰਵਾਈਜ਼ਰ ਉਕਤ ਅਨੁਸਾਰ ਆਪਣੇ ਅਧੀਨ ਆਉਂਦੇ ਬੂਥਾਂ ਦੀ ਮੈਪਿੰਗ ਸਬੰਧੀ ਰਿਪੋਰਟ ਰੋਜ਼ਾਨਾ ਮੋਨੀਟਰ ਕਰਨਗੇ ਅਤੇ ਇਸ ਕੰਮ ਨੂੰ ਜਲਦ ਤੋਂ ਜਲਦ ਮੁਕੰਮਲ ਕਰਵਾਉਣ ਦੇ ਪਾਬੰਦ ਹੋਣਗੇ। ਕਿਸੇ ਕਿਸਮ ਦੀ ਅਣਗਹਿਲੀ ਦੀ ਸੂਰਤ ਵਿੱਚ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਤਹਿਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

**ਚੋਣਕਾਰ ਰਜਿਸਟਰੇਸ਼ਨ ਅਫ਼ਸਰ,**
**093 ਬਠਿੰਡਾ ਦਿਹਾਤੀ ।**

**ਪਿੱਠ ਅੰਕਣ ਨੰ: 284-85** **ਮਿਤੀ: 06-02-2026**

ਇਸ ਦਾ ਇੱਕ ਉਤਾਰਾ:

1. ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸ ਸੂਚਨਾ ਹਿੱਤ।
2. ਸਮੂਹ ਵਿਭਾਗਾਂ ਦੇ ਮੁੱਖੀਆਂ ਪਾਸ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਜਿੰਨ੍ਹਾਂ ਕਰਮਚਾਰੀਆਂ ਦੀ ਡਿਊਟੀ 093 ਬਠਿੰਡਾ ਦਿਹਾਤੀ ਹਲਕੇ ਅਧੀਨ ਬਤੌਰ ਬੀ.ਐਲ.ਓ/ਸੁਪਰਵਾਈਜ਼ਰ ਲੱਗੀ ਹੋਈ ਹੈ, **ਉਨ੍ਹਾਂ ਨੂੰ ਮਿਤੀ: 28-02-2026 ਤੱਕ ਹਰਕੇ ਹਫ਼ਤੇ ਦੇ ਦਿਨ ਮੰਗਲਵਾਰ ਅਤੇ ਬੁੱਧਵਾਰ ਨੂੰ ਵਿਭਾਗੀ ਕੰਮ ਤੋਂ ਫ਼ਾਰਗ ਕੀਤਾ ਜਾਵੇ** ਤਾਂ ਜ਼ੋ ਉਕਤ ਅਨੁਸਾਰ ਚੱਲ ਰਹੇ ਅਹਿਮ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ।

**ਚੋਣਕਾਰ ਰਜਿਸਟਰੇਸ਼ਨ ਅਫ਼ਸਰ,**
**093 ਬਠਿੰਡਾ ਦਿਹਾਤੀ ।**

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2026/ 7035 ਮਿਤੀ: 11.02.2026
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ, ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।